ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗੁਰਦੀਪ ਸਿੰਘ ਢਿੰਗੀ,
ਪੁੱਤਰ ਸ਼੍ਰੀ ਹਰਨਾਮ ਸਿੰਘ,
ਵਾਸੀ ਬਲਾਕ ਨੰ: 1, ਮਕਾਨ ਨੰ: 390,
ਧਰਮਪੁਰਾ ਮੋਹਲਾ, ਧੂਰੀ,
ਜਿਲਾ ਸੰਗਰੂਰ। -----**ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**

**ਦਫਤਰ** ਪ੍ਰਿੰਸੀਪਲ, ਆਰੀਆ ਕਾਲਜ,
ਧੂਰੀ, ਜਿਲ੍ਹਾ ਸੰਗਰੂਰ।

**ਪਹਿਲੀ ਅਪੀਲੀ ਅਥਾਰਟੀ,**
ਡੀ.ਪੀ.ਆਈ.(ਕਾਲਜ), ਪੰਜਾਬ,
ਚੰਡੀਗੜ੍ਹ। -----**ਉੱਤਰਦਾਤਾ**

**ਅਪੀਲ ਕੇਸ ਨੰ:** 2460 **ਆਫ 2018**

**ਹਾਜ਼ਰ:-**

1) ਸ਼੍ਰੀ ਗੁਰਦੀਪ ਸਿੰਘ ਢਿੰਗੀ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਪ੍ਰਗਟ ਸਿੰਘ ਲੈਕਚਰਾਰ (79732-74109)।

**ਹੁਕਮ:-**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 9.3.18 ਲੋਕ ਸੂਚਨਾ ਅਧਿਕਾਰੀ, **ਦਫਤਰ** ਪ੍ਰਿੰਸੀਪਲ,ਆਰੀਆ ਕਾਲਿਜ,ਧੁਰੀ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ 4 ਪੁਆਇੰਟਾਂ ਦੀ ਜਾਣਕਾਰੀ ਦੀ ਮੰਗ ਕੀਤੀ ਸੀ। ਸੂਚਨਾ ਨਾ ਮਿਲਣ ਤੇ ਮਿਤੀ 12.4.2018 ਨੂੰ ਅਪੀਲਕਰਤਾ ਨੇ ਪਹਿਲੀ ਐਪੀਲੈਟ ਅਥਾਰਟੀ ਪਾਸ ਅਪੀਲ ਪੇਸ਼ ਕੀਤੀ। ਪਹਿਲੀ ਐਪੀਲੈਟ ਅਥਾਰਟੀ ਤੋਂ ਵੀ ਸੂਚਨਾ ਉਪਲਬਧ ਨਾ ਕਰਵਾਉਣ ਤੇ ਮਿਤੀ 27.8.2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ। ਕਮਿਸ਼ਨ ਵੱਲੋਂ ਮਿਤੀ 27.8.2018 ਨੂੰ ਪਹਿਲੀ ਸੁਣਵਾਈ ਲਈ ਮਿਤੀ 18.09.2018 ਨੂੰ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਪ੍ਰਗਟ ਸਿੰਘ ਲੈਕਚਰਾਰ ਨੇ ਕਿਹਾ ਹੈ ਕਿ ਕਮਿਸ਼ਨ ਦੇ ਅੰਤ੍ਰਿਮ ਹੁਕਮ, ਮਿਤੀ 18-09-2018 ਦੀ ਪਾਲਣਾ ਹਿੱਤ ਅਪੀਲਕਰਤਾ ਨੂੰ ਮੁਆਵਜ਼ੇ ਵਜੋਂ 5000/- ਰੁਪਏ ਦੀ ਅਦਾਇਗੀ ਬੈਂਕ ਡਰਾਫਟ ਰਾਹੀਂ ਕੀਤੀ ਜਾ ਚੁੱਕੀ ਹੈ। ਅਪੀਲਕਰਤਾ ਨੇ ਮੰਨਿਆ ਹੈ ਕਿ ਉਸ ਨੂੰ ਮੁਆਵਜ਼ੇ ਦੀ ਰਕਮ ਅਤੇ ਸੂਚਨਾ ਵੀ ਪ੍ਰਾਪਤ ਹੋ ਚੁੱਕੀ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ ਅਪੀਲ ਕੇਸ ਦਾਖਲ ਦਫ਼ਤਰ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ਼੍ਰੀ ਗੁਰਦੀਪ ਸਿੰਘ ਢਿੰਗੀ,
ਪੁੱਤਰ ਸ੍ਰੀ ਹਰਨਾਮ ਸਿੰਘ,
ਵਾਸੀ ਬਲਾਕ ਨੰ: 1, ਮਕਾਨ ਨੰ: 390,
ਧਰਮਪੁਰਾ ਮੋਹਲਾ, ਧੂਰੀ,
ਜਿਲਾ ਸੰਗਰੂਰ। **------ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਦਫਤਰ** ਪ੍ਰਿੰਸੀਪਲ, ਫ਼ਿਜੀਕਲ ਅਕਾਲ ਕਾਲਿਜ,
ਮਸਤੁਆਨਾ ਸਾਹਿਬ।

**ਪਹਿਲੀ ਅਪੀਲੀ ਅਥਾਰਟੀ,**
ਡੀ.ਪੀ.ਆਈ(ਕਾਲਿਜ)ਪੰਜਾਬ,ਚੰਡੀਗੜ। -----**ਉੱਤਰਦਾਤਾ**

**ਅਪੀਲ ਕੇਸ ਨੰ: 2462 ਆਫ 2018**

**ਹਾਜ਼ਰ:-**

1) ਸ਼੍ਰੀ ਗੁਰਦੀਪ ਸਿੰਘ ਢਿੰਗੀ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

ਹੁਕਮ:

ਅੱਜ ਪੇਸ਼ੀ ਸਮੇਂ ਹਾਜ਼ਰ ਅਪੀਲਕਰਤਾ ਨੇ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ,2005 ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ,2005 ਤਹਿਤ ਬਣਦੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 27-11-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਡਾ. ਭੋਲਾ ਸਿੰਘ ਸਿਧੂ,
ਪੁੱਤਰ ਸ਼੍ਰੀ ਪੂਰਨ ਸਿੰਘ,
ਮਕਾਨ ਨੰ 2ਏ ਫ਼ੇਸ 5 ਬਿਊਟੀ ਐਵਨਿਊ,
ਅ੍ਰਮਿਤਸਰ। -----**ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਦਫਤਰ** ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ।।

**ਪਹਿਲੀ ਅਪੀਲੀ ਅਥਾਰਟੀ,**
**ਦਫਤਰ** ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ।

(ਰਜਿਸਟਰਡ) **ਲੋਕ ਸੂਚਨਾ ਅਧਿਕਾਰੀ,**
**ਦਫਤਰ** ਪ੍ਰਿੰਸੀਪਲ,ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ।

(ਰਜਿਸਟਰਡ) **ਪਹਿਲੀ ਅਪੀਲੀ ਅਥਾਰਟੀ,**

**ਦਫਤਰ** ਪ੍ਰਿੰਸੀਪਲ,ਸਰਕਾਰੀ ਮੈਡੀਕਲ ਕਾਲਿਜ
ਅ੍ਰਮਿਤਸਰ। -----**ਉੱਤਰਦਾਤਾ**

**ਅਪੀਲ ਕੇਸ ਨੰ: 2518 ਆਫ 2018**

**ਹਾਜ਼ਰ:-**

1) ਅਪੀਲਕਰਤਾ ਵਲੋ ਸ਼੍ਰੀ ਅ੍ਰਮਿਤ ਪਾਲ ਸਿੰਘ ਗਿੱਲ, ਐਡਵੋਕੇਟ(98783-95953)।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ਼੍ਰੀ ਰਵੀ ਕਾਂਤ ਸ਼ਰਮਾ, ਪ੍ਰੋਫ਼ੈਸਰ ਐਂਡ ਹੈਡ (93560-02993)।

ਹੁਕਮ:

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ਼੍ਰੀ ਰਵੀ ਕਾਂਤ ਸ਼ਰਮਾ, ਨੇ ਦੱਸਿਆ ਹੈ ਕਿ ਕਮਿਸ਼ਨ ਦੇ ਅੰਤ੍ਰਿਮ ਹੁਕਮ, ਮਿਤੀ 18-09-2018 ਦੀ ਪਾਲਣਾ ਹਿੱਤ ਅਪੀਲਕਰਤਾ ਨੂੰ ਮੁਆਵਜ਼ੇ ਵਜੋਂ 25000/-ਰੁਪਏ (ਕੇਵਲ ਪੱਚੀ ਹਜ਼ਾਰ ਰੁਪਏ) ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਪਰੰਤੂ ਅਪੀਲਕਰਤਾ ਦੀ ਸੇਵਾ-ਪੱਤਰੀ ਰਿਕਾਰਡ ਵਿੱਚ ਉਪਲਬਧ ਨਹੀਂ ਹੋ ਰਹੀ। ਉਸ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਸੇਵਾ-ਪੱਤਰੀ ਦੇ ਗੁੰਮ ਹੋਣ ਦੇ ਕਾਰਨਾਂ ਦੀ ਜਾਂਚ ਕਰਨ ਲਈ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਅਪੀਲਕਰਤਾ ਦੇ ਨੁੰਮਾਇੰਦੇ ਨੇ ਕਿਹਾ ਹੈ ਕਿ ਮੁਆਵਜ਼ੇਂ ਦੀ ਰਕਮ ਮਿਲ ਗਈ ਹੈ ਪਰੰਤੂ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ

ਚਲਦਾ---ਪੰਨਾ/2

**<u>ਅਪੀਲ ਕੇਸ ਨੰ: 2518 ਆਫ 2018</u>**

ਹੋਈ। ਅਪੀਲਕਰਤਾ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉੱਤਰਦਾਤਾ ਦੇ ਦਫ਼ਤਰ ਜਾ ਕੇ ਸੇਵਾ-ਪੱਤਰੀ ਲੱਭਣ ਵਿੱਚ ਸਹਿਯੋਗ ਦੇ ਸੂਚਨਾ ਪ੍ਰਾਪਤ ਕਰ ਲਵੇ। ਕਿਸੇ ਵੀ ਸੂਰਤ ਵਿੱਚ ਸੇਵਾ-ਪੱਤਰੀ ਉਪਲਬਧ ਨਾ ਹੋਣ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੇਵਾ-ਪੱਤਰੀ ਉਪਲਬਧ ਨਾ ਹੋਣ ਬਾਰੇ ਤਸਦੀਕ-ਸੁਦਾ ਹਲਫੀਆ-ਬਿਆਨ ਰਾਹੀਂ ਆਪਣਾ ਜਵਾਬ ਰਜਿਸਟਰਡ ਪੱਤਰ ਰਾਹੀਂ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਭੇਜ਼ ਕੇ ਪੇਸ਼ੀ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ** 27-11-2018 **ਨੂੰ ਸਵੇਰੇ** 11-30 **ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 17 **ਅਕਤੂਬਰ,** 2018. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈੱਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

**ਸ਼੍ਰੀ ਸੰਦੀਪ ਸਿੰਘ ਪੁੱਤਰ ਲੇਟ ਸ੍ਰੀ ਬੀਕਰ ਸਿੰਘ,**
**ਵਾਸੀ ਪਿੰਡ ਤੇ ਡਾਕਖਾਨਾ ਮੁਬਾਰਕਪੁਰ (ਚੂੰਘਾ),**
**ਤਹਿਸੀਲ ਮਲੇਰਕੋਟਲਾ,**
**ਜਿਲ੍ਹਾ ਸੰਗਰੂਰ।**

**-----ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਦਫਤਰ: ਐਸ.ਡੀ.ਐਮ.**
**ਮਲੇਰਕੋਟਲਾ।**

**ਪਹਿਲੀ ਅਪੀਲੀ ਅਥਾਰਟੀ,**
**ਦਫਤਰ: ਡਿਪਟੀ ਕਮਿਸ਼ਨਰ,**
**ਸੰਗਰੂਰ।** **-----ਉੱਤਰਦਾਤਾ**

**ਅਪੀਲ ਕੇਸ ਨੰ: 2519 ਆਫ 2018**

**ਹਾਜ਼ਰ:-**

1) ਸ਼੍ਰੀ ਸੰਦੀਪ ਸਿੰਘ, ਅਪੀਲਕਰਤਾ ਖੁਦ ਹਾਜ਼ਰ ਹੋਇਆ।
2) ਉੱਤਰਦਾਤਾ ਵੱਲੋਂ ਸ਼੍ਰੀ ਹਰਪਾਲ ਸਿੰਘ, ਦਫ਼ਤਰ ਕਾਨੂੰਗੋ, ਮਲੇਰਕੋਟਲਾ(98553-66903)।

ਹੁਕਮ:

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 15.3.18 ਲੋਕ ਸੂਚਨਾ ਅਧਿਕਾਰੀ, ਐਸ.ਡੀ.ਐਮ.ਮਲੇਰਕੋਟਲਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ ਤਕਸੀਮ ਨਾਮਾ ਜੋ ਕਿ ਰਿਕਾਰਡ ਅਨੁਸਾਰ ਮਿਤੀ 24.7.2000 ਨੂੰ ਹੋਇਆ ਦੀ ਤਸਦੀਕ ਸੁਦਾ ਕਾਪੀ ਦੀ ਮੰਗ ਕੀਤੀ ਸੀ। ਐਸ.ਡੀ.ਐਮ.ਮਲੇਰਕੋਟਲਾ ਨੇ ਆਪਣੇ ਪੱਤਰ 40 ਮਿਤੀ 16.4.2018 ਰਾਂਹੀ ਅਪੀਲਕਰਤਾ ਦੀ ਆਰ.ਟੀ.ਆਈ. ਲੋਕ ਸੂਚਨਾ ਅਧਿਕਾਰੀ ਕਮ ਤਹਿਸੀਲਦਾਰ ਮਲੇਰਕੋਟਲਾ ਨੂੰ ਧਾਰਾ 6(3) ਅੰਡਰ ਟਰਾਂਸਫ਼ਰ ਕਰ ਦਿੱਤੀ। ਪ੍ਰਾਰਥੀ ਨੂੰ ਲੋਕ ਸੂਚਨਾ ਅਧਿਕਾਰੀ ਕਮ ਤਹਿਸੀਲਦਾਰ ਮਲੇਰਕੋਟਲਾ ਵਲੋ ਪੱਤਰ 2749 ਮਿਤੀ 24.4.2018 ਰਾਹੀਂ ਅਪੀਲਕਰਤਾ ਨੂੰ ਸੂਚਿਤ ਕੀਤਾ ਕਿ ਆਰ.ਟੀ.ਆਈ ਐਕਟ ਅਧੀਨ ਮੰਗੀ ਸੂਚਨਾ ਦਫ਼ਤਰ ਵਿਚ ਉਪਲਬਧ ਨਹੀਂ ਹੈ ।ਅਪੀਲਕਰਤਾ ਮਿਲੀ ਸੂਚਨਾ ਤੋਂ ਸੰਤੁਸ਼ਟ ਨਾ ਹੋਣ ਕਰਕੇ ਉਸ ਨੇ ਪਹਿਲੀ ਐਪੀਲੈਟ ਅਥਾਰਟੀ ਪਾਸ ਮਿਤੀ 1.5.2018 ਨੂੰ ਅਪੀਲ ਪੇਸ਼ ਕੀਤੀ। ਪਹਿਲੀ ਐਪੀਲੈਟ ਅਥਾਰਟੀ ਤੋ ਵੀ ਮੁਕੰਮਲ ਸੂਚਨਾ ਉਪਲਬਧ ਨਾ ਕਰਵਾਉਣ ਤੇ ਮਿਤੀ 27.7.2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ। ਕਮਿਸ਼ਨ ਵੱਲੋਂ ਮਿਤੀ 18.9.2018 ਨੂੰ ਪਹਿਲੀ ਸੁਣਵਾਈ ਮਿਤੀ 27.8.2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਹਰਪਾਲ ਸਿੰਘ, ਦਫ਼ਤਰ ਕਾਨੂੰਗੋ, ਮਲੇਰਕੋਟਲਾ ਨੇ ਕਿਹਾ ਕਿ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਇਸ ਸਬੰਧ ਵਿੱਚ ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਦਫ਼ਤਰ ਉਪ ਮੰਡਲ ਮੈਜਿਸਟਰੇਟ, ਮਲੇਰਕੋਟਲਾ ਵੱਲੋਂ ਪੱਤਰ ਨੰ:101, ਮਿਤੀ 15-10-2018 ਵੀ ਪ੍ਰਾਪਤ ਹੋਇਆ ਹੈ ਜਿਸ ਰਾਹੀਂ ਵਿਸਥਾਰ-ਪੂਰਵਕ ਦੱਸਿਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਉਨ੍ਹਾਂ ਦੇ ਦਫ਼ਤਰ ਵਿੱਚ ਉਪਲਬਧ ਨਹੀਂ ਸੀ ਜਿਸ ਬਾਰੇ ਉਨ੍ਹਾਂ ਵੱਲੋਂ ਪੱਤਰ ਮਿਤੀ 24-04-2018 ਰਾਹੀਂ ਅਪੀਲਕਰਤਾ ਨੂੰ ਸੂਚਿਤ ਕਰ ਦਿੱਤਾ ਗਿਆ ਸੀ।ਉੱਤਰਦਾਤਾ ਵੱਲੋ.ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈੱਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ੍ਰੀਮਤੀ ਸੁਨੀਤਾ ਦੇਵੀ ਪੁੱਤਰੀ ਸ੍ਰੀ ਪ੍ਰਕਾਸ਼ ਚੰਦ,
ਵਾਸੀ ਨਿਊ ਕੋਰਟ ਰੋਡ, ਕੇਸਰ ਵਕੀਲ ਵਾਲੀ ਗਲੀ,
ਮਾਨਸਾ।

------ਸ਼ਿਕਾਇਤਕਰਤਾ

**ਬਨਾਮ**

**ਲੋਕ ਸੂਚਨਾ ਅਧਿਕਾਰੀ,**
ਦਫਤਰ: ਡਿਪਟੀ ਕਮਿਸ਼ਨਰ,
ਮਾਨਸਾ।

-----**ਉੱਤਰਦਾਤਾ**

**ਸੀ.ਸੀ. 778 ਆਫ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ (81465-57400)।

ਹੁਕਮ:

ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ ਨੇ ਦੱਸਿਆ ਹੈ ਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਮਿਤੀ 04-05-2018 ਨੂੰ ਰਜਿਸਟਰਡ ਡਾਕ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਈ ਪਰੰਤੂ ਉਸ ਵੱਲੋਂ ਈ.ਮੇਲ ਰਾਹੀਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕਰਦੇ ਹੋਏ ਸੂਚਨਾ ਮੁਹੱਈਆ ਕਰਾਉਣ ਲਈ ਵੀ ਬੇਨਤੀ ਕੀਤੀ ਗਈ ਹੈ। ਸ਼ਿਕਾਇਤਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। **ਇਸ ਲਈ ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 27.11.2018 ਨੂੰ ਸਵੇਰੇ 11-30 ਵਜੇ ਲਈ ਨਿਸ਼ਚਿਤ ਕੀਤੀ ਜਾਂਦੀ ਹੈ।**

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਂਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

**ਸ੍ਰੀਮਤੀ ਸੁਨੀਤਾ ਦੇਵੀ ਪੁੱਤਰੀ ਸ੍ਰੀ ਪ੍ਰਕਾਸ਼ ਚੰਦ,**
**ਵਾਸੀ ਨਿਊ ਕੋਰਟ ਰੋਡ, ਕੇਸਰ ਵਕੀਲ ਵਾਲੀ ਗਲੀ,**
**ਮਾਨਸਾ।**

**------ਸ਼ਿਕਾਇਤਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਦਫਤਰ: ਡਿਪਟੀ ਕਮਿਸ਼ਨਰ,**
**ਮਾਨਸਾ।**

**------ਉੱਤਰਦਾਤਾ**

**ਸੀ.ਸੀ. 779 ਆਫ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ (81465-57400)।

ਹੁਕਮ:

ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਭੋਲਾ ਸਿੰਘ, ਜੂਨੀਅਰ ਸਹਾਇਕ ਨੇ ਦੱਸਿਆ ਹੈ ਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਮਿਤੀ 04-05-2018 ਨੂੰ ਰਜਿਸਟਰਡ ਡਾਕ ਰਾਹੀਂ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਈ ਪਰੰਤੂ ਉਸ ਵੱਲੋਂ ਈ.ਮੇਲ ਰਾਹੀਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕਰਦੇ ਹੋਏ ਸੂਚਨਾ ਮੁਹੱਈਆ ਕਰਾਉਣ ਲਈ ਵੀ ਬੇਨਤੀ ਕੀਤੀ ਗਈ ਹੈ। ਸ਼ਿਕਾਇਤਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। **ਇਸ ਲਈ ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 27.11.2018 ਨੂੰ ਸਵੇਰੇ 11-30 ਵਜੇ ਲਈ ਨਿਸ਼ਚਿਤ ਕੀਤੀ ਜਾਂਦੀ ਹੈ।**

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈੱਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

**ਸ੍ਰੀਮਤੀ ਸੁਨੀਤਾ ਦੇਵੀ ਪੁੱਤਰੀ ਸ੍ਰੀ ਪ੍ਰਕਾਸ਼ ਚੰਦ,**
**ਵਾਸੀ ਨਿਊ ਕੋਰਟ ਰੋਡ, ਕੇਸਰ ਵਕੀਲ ਵਾਲੀ ਗਲੀ,**
**ਮਾਨਸਾ।**

------ਸ਼ਿਕਾਇਤਕਰਤਾ

**ਬਨਾਮ**

**ਲੋਕ ਸੂਚਨਾ ਅਧਿਕਾਰੀ,**
**ਸੁਪਰਡੰਟ ਜਨਰਲ ਗਰੇਡ-2**
**ਦਫਤਰ: ਉਪ ਮੰਡਲ ਮੈਜਿਸਟਰੇਟ,**
**ਮਾਨਸਾ।**

----- **ਉੱਤਰਦਾਤਾ**

**ਸੀ.ਸੀ. 780 ਆਫ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਗੁਰਪ੍ਰੀਤ ਸਿੰਘ, ਕਲਰਕ, (84373-00494।

ਹੁਕਮ:

ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਈ ਪਰੰਤੂ ਉਸ ਵੱਲੋਂ ਈ.ਮੇਲ ਰਾਹੀਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕਰਦੇ ਹੋਏ ਸੂਚਨਾ ਮੁਹੱਈਆ ਕਰਾਉਣ ਲਈ ਵੀ ਬੇਨਤੀ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਗੁਰਪ੍ਰੀਤ ਸਿੰਘ ਕਲਰਕ, ਨੇ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ,2005 ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਸ਼ਿਕਾਇਤਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। **ਇਸ ਲਈ ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 27.11.2018 ਨੂੰ ਸਵੇਰੇ 11-30 ਵਜੇ ਲਈ ਨਿਸ਼ਚਿਤ ਕੀਤੀ ਜਾਂਦੀ ਹੈ।**

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ਼੍ਰੀ ਨਿਰਮਲ ਸਿੰਘ ਪੁੱਤਰ ਸ.ਨਛੱਤਰ ਸਿੰਘ ਧਾਲੀਵਾਲ,
ਪਿੰਡ ਤੇ ਡਾਕ ਬੜੂੰਦੀ , ਤਹਿਸੀਲ ਰਾਇਕੋਟ,
ਜਿਲ੍ਹਾ ਲੁਧਿਆਣਾ - 141205 **------ਅਪੀਲਕਰਤਾ**

**ਬਨਾਮ**

**ਲੋਕ ਸੂਚਨਾ ਅਧਿਕਾਰੀ,**
ਦਫਤਰ: ਬੀ.ਡੀ.ਪੀ.ਓ., ਪਖੋਵਾਲ,
ਲੁਧਿਆਣਾ।

**ਪਹਿਲੀ ਅਪੀਲੀ ਅਥਾਰਟੀ,**
ਦਫਤਰ: ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ,
ਲੁਧਿਆਣਾ। ----- **ਉੱਤਰਦਾਤਾ**

**ਅਪੀਲ ਕੇਸ ਨੰ: 2415 ਆਫ 2018**

ਹਾਜ਼ਰ:-

1) ਅਪੀਲਕਰਤਾ ਵੱਲੋਂ ਕੋਈ ਨਹੀ।
3) ਉੱਤਰਦਾਤਾ ਵੱਲੋਂ ਸ਼੍ਰੀ ਹਰਪ੍ਰੀਤ ਸਿੰਘ, ਵਿਲੇਜ ਡਿਵੈਲਪਮੈਂਟ ਅਫਸਰ (ਵੀ.ਡੀ.ਓ.) (79730-50990) ਅਤੇ ਸ਼੍ਰੀ ਗੁਰਬਚਨ ਸਿੰਘ, ਸੰਮਤੀ ਕਲਰਕ ਗੁਰਪ੍ਰੀਤ ਸਿੰਘ, ਕਲਰਕ।

ਹੁਕਮ:

ਉੱਤਰਦਾਤਾ ਵਲੋਂ ਹਾਜ਼ਰ ਸ਼੍ਰੀ ਹਰਪ੍ਰੀਤ ਸਿੰਘ, ਵਿਲੇਜ ਡਿਵੈਲਪਮੈਂਟ ਅਫਸਰ (ਵੀ.ਡੀ.ਓ.) ਅਪੀਲਕਰਤਾ ਨੂੰ ਦਿੱਤੀ ਜਾਣ ਵਾਲੀ ਸੂਚਨਾ ਲੈ ਕੇ ਹਾਜ਼ਰ ਹੋਏ ਪਰੰਤੂ ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਹੈ।ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜ਼ ਦਿੱਤੀ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋਣਾ ਵੀ ਯਕੀਨੀ ਬਣਾਇਆ ਜਾਵੇ। ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। **ਇਸ ਲਈ ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 27.11.2018 ਨੂੰ ਸਵੇਰੇ 11-30 ਵਜੇ ਲਈ ਨਿਸ਼ਚਿਤ ਕੀਤੀ ਜਾਂਦੀ ਹੈ।**

(ਨਿਧੱੜਕ ਸਿੰਘ ਬਰਾੜ)
ਮਿਤੀ: **ਚੰਡੀਗੜ੍ਹ,** 17 **ਅਕਤੂਬਰ,** 2018. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਰਿੰਕੂ ਬਾਂਸਲ,
ਪੱਤਰ ਸ਼੍ਰੀ ਨਰਸਿੰਘ ਦਾਸ,
ਵਾਰਡ ਨੰ:9, ਨੇੜੇ ਤਰਸੇਮ ਚੰਦ ਵਾਲੀ ਗਲੀ,
ਭੁੱਚੋ ਮੰਡੀ, ਬਠਿੰਡਾ-151101. ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪੰਜਾਬੀ ਯੂਨੀਵਰਸਿਟੀ
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਵਾਈਸ ਚਾਂਸਲਰ,
ਪੰਜਾਬੀ ਯੂਨੀਵਰਸਿਟੀ
ਪਟਿਆਲਾ।। ........ ਉੱਤਰਦਾਤਾ

**ਅਪੀਲ ਕੇਸ ਨੰ:2538 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ(98141-05515)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 14-05-2018, ਲੋਕ ਸੂਚਨਾ ਅਧਿਕਾਰੀ ਦਫਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਭੌਤਿਕ ਸਿੱਖਿਆ ਵਿਭਾਗ ਵਿੱਚ ਸਾਲ 2012 ਤੋਂ ਆਰ.ਟੀ.ਈ. ਪਾਉਣ ਦੀ ਮਿਤੀ ਤੱਕ ਪੀਐੱਚ. ਡੀ. ਅਤੇ ਐਮ.ਫਿੱਲ ਸਕਾਲਰਜ਼ ਨਾਲ ਸਬੰਧਤ 9 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 31-07-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-09-2018 ਨੂੰ ਪਹਿਲੀ ਸੁਣਵਾਈ ਮਿਤੀ 25-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:3400/S-II/380-18/ ਆਰ.ਟੀ.ਆਈ. ਸੈੱਲ, ਮਿਤੀ 06-06-2018 ਰਾਹੀਂ ਅਪੀਲਕਰਤਾ ਨੂੰ ਨੁਕਤਾਵਾਰ ਸੂਚਨਾ ਪਹਿਲਾਂ ਹੀ ਮੁਹੱਈਆ ਕੀਤੀ ਜਾ ਚੁੱਕੀ ਹੈ। ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਰਿੰਕੂ ਬਾਂਸਲ,
ਪੱਤਰ ਸ਼੍ਰੀ ਨਰਸਿੰਘ ਦਾਸ,
ਵਾਰਡ ਨੰ:9, ਨੇੜੇ ਤਰਸੇਮ ਚੰਦ ਵਾਲੀ ਗਲੀ,
ਭੁੱਚੋ ਮੰਡੀ, ਬਠਿੰਡਾ-151101. ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪੰਜਾਬੀ ਯੂਨੀਵਰਸਿਟੀ
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਵਾਈਸ ਚਾਂਸਲਰ,
ਪੰਜਾਬੀ ਯੂਨੀਵਰਸਿਟੀ
ਪਟਿਆਲਾ।। ........ ਉੱਤਰਦਾਤਾ

**ਅਪੀਲ ਕੇਸ ਨੰ:2539 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ(98141-05515)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 17-04-2018, ਲੋਕ ਸੂਚਨਾ ਅਧਿਕਾਰੀ ਦਫਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਪਲਵੀ ਵਾਲੀਆ, ਪੀਐਚ. ਡੀ. ਸਕਾਲਰ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 31-07-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-09-2018 ਨੂੰ ਪਹਿਲੀ ਸੁਣਵਾਈ ਮਿਤੀ 25-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:5250/S-II/379-18/ ਆਰ.ਟੀ.ਆਈ. ਸੈੱਲ, ਮਿਤੀ 16-06-2018 ਰਾਹੀਂ ਅਪੀਲਕਰਤਾ ਨੂੰ ਨੁਕਤਾਵਾਰ ਸੂਚਨਾ ਪਹਿਲਾਂ ਹੀ ਮੁਹੱਈਆ ਕੀਤੀ ਜਾ ਚੁੱਕੀ ਹੈ। ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗੁਰਸੇਵਕ ਸਿੰਘ,
ਪੁੱਤਰ ਸ਼੍ਰੀ ਗਿਆਨ ਸਿੰਘ,
#Z-2, 06852, ਗਲੀ ਨੰ:11/3,
ਪਾਵਰ ਹਾਊਸ ਰੋਡ,
ਬਠਿੰਡਾ-151101. ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਰਜਿਸਰਾਰ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ-ਕਮ-
ਰਜਿਸਰਾਰ, ਪੰਜਾਬੀ ਯੂਨੀਵਰਸਿਟੀ
ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2636 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਦੀ ਤਰਫੋਂ ਸ਼੍ਰੀ ਵਰੁਣ ਬਾਂਸਲ, ਐਡਵੋਕੇਟ।
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ (98141-05515)।

**ਹਕਮ:**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਦੀ ਤਰਫੋਂ ਹਾਜਰ਼ ਸ਼੍ਰੀ ਵਰੁਣ ਬਾਂਸਲ, ਐਡਵੋਕਟ ਨੇ ਕਿਹਾ ਹੈ ਕਿ ਉਸ ਨੂੰ ਮੁਕੰਮਲ ਸੂਚਨਾ ਅਜੇ ਤੱਕ ਪ੍ਰਾਪਤ ਨਹੀਂ ਹੋਈ।ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਦੱਸਿਆ ਹੈ ਕਿ ਉਨ੍ਹਾਂ ਵੱਲੋਂ 400 ਪੰਨਿਆਂ ਦੀ ਸੂਚਨਾ ਅਪੀਲਕਰਤਾ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੀ ਸੂਚਨਾ ਅਪੀਲਕਰਤਾ ਨੂੰ ਅੱਜ ਦਸਤੀ ਦਿੱਤੀ ਜਾ ਰਹੀ ਹੈ।ਅਪੀਲਕਰਤਾ ਨੂੰ ਕਿਹਾ ਜਾਂਦਾ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਤੁਰੰਤ ਲੋਕ ਸੂਚਨਾ ਅਧਿਕਾਰੀ ਨੂੰ ਨੋਟ ਕਰਵਾਇਆ ਜਾਵੇ ਤਾਂ ਜੋ ਉੱਤਰਦਾਤਾ ਵੱਲੋਂ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 27-11-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀਮਤੀ ਸੁਖਵੀਰ ਕੌਰ ਵਾਲੀਆ,
ਪਤਨੀ ਸ਼੍ਰੀ ਅਸ਼ੋਕ ਵਾਲੀਆ,
#126, ਗਲੀ ਨੰ:5 ਨੌਰਥ ਐਸਟੇਟ,
ਬਠਿੰਡਾ। ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਰਜਿਸਰਾਰ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ-ਕਮ-
ਰਜਿਸਰਾਰ, ਪੰਜਾਬੀ ਯੂਨੀਵਰਸਿਟੀ,
ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2665 ਆਫ਼ 2018**

ਹਾਜ਼ਰ:- 1) ਅਪੀਲਕਰਤਾ ਦੀ ਤਰਫੋਂ ਸ਼੍ਰੀ ਵਰੁਣ ਬਾਂਸਲ, ਐਡਵੋਕੇਟ।
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ (98141-05515)।

ਹਕਮ:

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 20-02-2018, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਆਪਣੇ ਕੇਸ, ਸਿਵਲ ਰਿੱਟ ਪਟੀਸ਼ਨ ਨੰ:11797 ਆਫ 2010-ਸੁਖਵੀਰ ਕੌਰ ਵਾਲੀਆ ਬਨਾਮ ਪੰਜਾਬ ਸਰਕਾਰ ਅਤੇ ਹੋਰ-ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-04-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 06-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-09-2018 ਨੂੰ ਪਹਿਲੀ ਸੁਣਵਾਈ ਮਿਤੀ 25-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਦੀ ਤਰਫੋਂ ਹਾਜਰ਼ ਸ਼੍ਰੀ ਵਰੁਣ ਬਾਂਸਲ, ਐਡਵੋਕਟ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਦੱਸਿਆ ਹੈ ਕਿ ਅਪੀਲਕਰਤਾ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ:11797 ਆਫ 2010-ਸੁਖਵੀਰ ਕੌਰ ਵਾਲੀਆ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਨਾਲ ਲਗਾਏ ਗਏ ਅਨੁਲੱਗਾਂ (Annexures) ਦੀਆਂ ਕਾਪੀਆਂ ਦੀ ਮੰਗ ਕੀਤੀ ਗਈ ਹੈ ਪਰੰਤੂ ਇਹ ਕੇਸ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਸੁਣਵਾਈ ਲਈ ਲੰਬਿਤ ਹੋਣ ਕਾਰਨ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਨਹੀਂ ਦਿੱਤੀ ਜ਼ਾ ਸਕਦੀ।ੂ ਕਮਿਸ਼ਨ ਵੱਲੋਂ ਉੱਤਰਦਾਤਾ ਦੇ ਜਵਾਬ ਨੂੰ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀਮਤੀ ਊਸ਼ਾ ਰਾਣੀ, (90412-22236)
ਪਤਨੀ ਸ਼੍ਰੀ ਰਾਮ ਮਨੋਹਰ, ਐਡਵੋਕੇਟ,
ਨੇੜੇ ਦੁਰਗਾ ਮੰਦਰ, ਗੋਨਿਆਨਾ ਮੰਡੀ,
ਜ਼ਿਲ੍ਹਾ ਬਠਿੰਡਾ। ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਰਜਿਸਰਾਰ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ-ਕਮ-
ਰਜਿਸਰਾਰ, ਪੰਜਾਬੀ ਯੂਨੀਵਰਸਿਟੀ,
ਪਟਿਆਲਾ। ........ ਉੱਤਰਦਾਤਾ

**ਅਪੀਲ ਕੇਸ ਨੰ:2666 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਦੀ ਤਰਫੋਂ ਸ਼੍ਰੀ ਵਰੁਣ ਬਾਂਸਲ, ਐਡਵੋਕੇਟ।
2) ਉੱਤਰਦਾਤਾ ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ (98141-05515)।

**ਹਕਮ:**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ ਨੇ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਪਰੰਤੂ ਅਪੀਲਕਰਤਾ ਦੀ ਤਰਫੋਂ ਹਾਜ਼ਰ ਸ਼੍ਰੀ ਵਰੁਣ ਬਾਂਸਲ, ਐਡਵੋਕਟ ਨੇ ਕਿਹਾ ਹੈ ਕਿ ਉਸ ਨੂੰ ਨੁਕਤਾ ਨੰ:1,5 ਅਤੇ 6 ਦੀ ਦਿੱਤੀ ਗਈ ਸੂਚਨਾ ਗਲਤ ਹੈ। ਦੋਵਾਂ ਧਿਰਾਂ ਨਾਲ ਕੁੱਝ ਵਿਚਾਰ-ਵਟਾਂਦਰੇ ਉਪਰੰਤ ਅਪੀਲਕਰਤਾ ਦੇ ਨੁੰਮਾਇੰਦੇ ਨੇ ਨੁਕਤਾ ਨੰ:5 ਦੀ ਸੂਚਨਾ ਲੈਣ ਵਾਸਤੇ ਸਹਿਮਤੀ ਦਿੱਤੀ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਦੇ ਨੁਕਤਾ ਨੰ:5 ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ 15 ਦਿਨਾਂ ਦੇ ਅੰਦਰ-ਅੰਦਰ ਰਜਿਸਟਰਡ ਡਾਕ ਰਾਹੀਂ ਭੇਜੀ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 27-11-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਡਾਕਟਰ ਹਰਚਰਨ ਸਿੰਘ ਅਰੋੜਾ, (94173-80119)
#20175, ਗਲੀ ਨੰ:2,
ਪਰਿੰਦਾ ਰੋਡ, ਗੁਰੂ ਤੇਗ ਬਹਾਦਰ ਨਗਰ,
ਬਠਿੰਡਾ-151001. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਗੁਰੂ ਨਾਨਕ ਕਾਲਿਜ, ਕਿੱਲਿਆਂਵਾਲੀ,
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਿੰਸੀਪਲ,
ਗੁਰੂ ਨਾਨਕ ਕਾਲਿਜ, ਕਿੱਲਿਆਂਵਾਲੀ,
ਜ਼ਿਲ੍ਹਾ ਸ੍ਰੀ ਮੁਕਤਸਰ ਸਹਿਬ। ........ ਉੱਤਰਦਾਤਾ

**ਅਪੀਲ ਕੇਸ ਨੰ:2758 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕਈ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਸੁਖਪਾਲ ਸਿੰਘ, ਸੁਪਰਡੰਟ (96469-00021।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-05-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਗੁਰੂ ਨਾਨਕ ਕਾਲਿਜ, ਕਿੱਲਿਆਂਵਾਲੀ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਆਪਣੇ ਜੀ.ਪੀ. ਫੰਡ ਦੀ ਕਟੌਤੀ ਨਾਲ ਸਬੰਧਤ 5 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 14-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 20-09-2018 ਨੂੰ ਪਹਿਲੀ ਸੁਣਵਾਈ ਮਿਤੀ 15-10-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 15-10-2018 ਨੂੰ ਅਪੀਲਕਰਤਾ ਨੇ ਕਿਹਾ ਸੀ ਕਿ ਉਸ ਨੂੰ ਅਜੇ ਤੱਕ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਰੂਪ ਲਾਲ ਗੁਪਤਾ, ਸੁਪਰਡੰਟ ਨੇ ਕਿਹਾ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਉਨ੍ਹਾਂ ਕੋਲ ਉਪਲਬਧ ਨਹੀਂ ਹੈ।ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਉਨ੍ਹਾਂ ਦੇ ਦਫਤਰ ਵਿੱਚ ਉਪਲਬਧ ਨਾ ਹੋਣ ਬਾਰੇ ਤਸਦੀਕ-ਸੁਦਾ ਹਲਫੀਆ-ਬਿਆਨ ਰਾਹੀਂ ਆਪਣਾ ਜਵਾਬ ਰਜਿਸਟਰਡ ਡਾਕ ਦੁਆਰਾ

ਚਲਦਾ---ਪੰਨਾ/2

**ਅਪੀਲ ਕੇਸ ਨੰ:2758 ਆਫ਼ 2018**

ਅਪੀਲਕਰਤਾ ਨੂੰ ਭੇਜਦੇ ਹੋਏ ਇੱਕ ਕਾਪੀ ਕਮਿਸ਼ਨ ਨੂੰ ਵੀ ਸੂਚਨਾ ਹਿੱਤ ਭੇਜੀ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ** 17-10-2018 **ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਆਪਣੀ ਗੈਰ-ਹਾਜ਼ਰੀ ਬਾਰੇ ਕੋਈ ਸੂਚਨਾ ਕਮਿਸ਼ਨ ਨੂੰ ਭੇਜੀ ਗਈ ਹੈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਸੁਖਪਾਲ ਸਿੰਘ, ਸੁਪਰਡੰਟ ਨੇ ਆਪਣੇ ਪੱਤਰ ਮਿਤੀ 17-10-2018 ਰਾਹੀਂ ਹਲਫੀਆ-ਬਿਆਨ ਪੇਸ਼ ਕੀਤਾ ਹੈ ਜਿਸ ਰਾਹੀਂ ਦੱਸਿਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਪਹਿਲਾਂ ਮੰਗੀ ਗਈ ਸੂਚਨਾ ਉਪਲਬਧ ਕਰਵਾਈ ਜਾ ਚੁੱਕੀ ਹੈ ਪਰੰਤੂ ਉਸ ਵੱਲੋਂ ਬਾਅਦ ਵਿੱਚ ਮੰਗੀ ਗਈ ਸੂਚਨਾਠ 30-35 ਸਾਲ ਪੁਰਾਣੀ ਹੋਣ ਕਾਰਨ ਕਾਲਿਜ ਵਿੱਚ ਪੁਰਾਣੀ ਸੂਚਨਾ ਉਪਲਬਧ ਨਹੀਂ ਹੈ।ਉੱਤਰਦਾਤਾ ਵੱਲੋ ਪੇਸ਼ ਕੀਤੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 17 ਅਕਤੂਬਰ, 2018.**